**ਓਟਾਵਾ, 22 ਮਾਰਚ 2011**

# ਹਾਰਪਰ ਸਰਕਾਰ ਸ਼ੁਰੂ ਕਰਦੀ ਹੈ ਕੈਨੇਡਾ ਦੀ ਆਰਥਿਕ ਕਾਰਵਾਈ ਯੋਜਨਾ ਦਾ ਅਗਲਾ ਪੜਾਅ - ਨੌਕਰੀਆਂ ਅਤੇ ਵਾਧੇ ਲਈ ਘੱਟ-ਟੈਕਸ ਦੀ ਯੋਜਨਾ

ਆਨਰੇਬਲ ਜਿਮ ਫਲੈਹੇਰਟੀ, ਵਿੱਤ ਮੰਤਰੀ ਨੇ ਅੱਜ ਬਜਟ ਦੀ ਯੋਜਨਾ ਦਾ ਪ੍ਰਸਤਾਵ ਪੇਸ਼ ਕੀਤਾ ਜੋ ਕਿ ਕੈਨੇਡਾ ਦੀ ਆਰਥਿਕ ਕਾਰਵਾਈ ਯੋਜਨਾ ਦੇ ਅਗਲੇ ਪੜਾਅ, ਨੌਕਰੀਆਂ ਅਤੇ ਵਾਧੇ ਲਈ ਘੱਟ-ਟੈਕਸ ਦੀ ਯੋਜਨਾ, ਸ਼ੁਰੂ ਕਰਦਾ ਹੈ, ਇਹ ਯੋਜਨਾ ਸਰਕਾਰ ਨੂੰ ਦਰਮਿਆਨੀ ਮਿਆਦ ਵਿੱਚ ਸੰਤੁਲਿਤ ਬਜਟਾਂ 'ਤੇ ਵਾਪਸ ਜਾਣ ਲਈ ਸਹੀ ਰਸਤੇ 'ਤੇ ਰੱਖਦੀ ਹੈ।

“ਸਾਡੀ ਸਰਕਾਰ ਸਾਡੀ ਸ਼ੁਰੂਆਤੀ ਯੋਜਨਾ ਦੀ ਸਫ਼ਲਤਾ ਨੂੰ ਅੱਗੇ ਵਧਾਏਗੀ ,” ਮਿਨਿਸਟਰ ਫਲੈਹੇਰਟੀ ਨੇ ਕਿਹਾ। “ਵਾਧੇ ਅਤੇ ਨੌਕਰੀਆਂ ਪੈਦਾ ਕਰਨ ਦੇ ਇੰਜਣ ਦੇ ਨਾਲ-ਨਾਲ ਜਿਵੇਂ-ਜਿਵੇਂ ਨਿੱਜੀ ਖੇਤਰ ਅੱਗੇ ਵਧਦਾ ਹੈ, ਸਾਡੀ ਸਰਕਾਰ ਦਰਮਿਆਨੀ ਮਿਆਦ ਦੇ ਅੰਦਰ ਸੰਤੁਲਨ ਵੱਲ ਵਾਪਸ ਜਾਣ ਲਈ ਸਹੀ ਰਸਤੇ 'ਤੇ ਰਹਿੰਦੇ ਹੋਏ, ਲੰਮੀ ਮਿਆਦ ਦੀ ਖੁਸ਼ਹਾਲੀ ਲਈ ਸਹੀ ਹਾਲਾਤ ਪੈਦਾ ਕਰੇਗੀ।”

2006 ਵਿੱਚ ਸਥਾਪਤ ਕੀਤੇ ਲੰਮੇ ਸਮੇਂ ਤਕ ਚੱਲਣ ਵਾਲੇ, ਘੱਟ-ਟੈਕਸ ਦੇ ਮਾਹੌਲ ਅਤੇ ਵਾਧੇ ਦੀਆਂ ਨੀਤੀਆਂ ਨੂੰ ਅੱਗੇ ਵਧਾਉਂਦੇ ਹੋਏ, ਕੈਨੇਡਾ ਦੀ ਆਰਥਿਕ ਕਾਰਵਾਈ ਯੋਜਨਾ ਦਾ ਅਗਲਾ ਪੜਾਅ ਨੌਕਰੀਆਂ ਪੈਦਾ ਕਰਨ, ਪਰਿਵਾਰਾਂ ਅਤੇ ਭਾਈਚਾਰਿਆਂ ਦੀ ਸਹਾਇਤਾ ਕਰਨ, ਕਾਢ, ਸਿੱਖਿਆ ਅਤੇ ਸਿਖਲਾਈ 'ਤੇ ਧਿਆਨ ਦੇਣ, ਅਤੇ ਕੈਨੇਡਾ ਦੀ ਮਾਲੀ ਤਰੱਕੀ ਨੂੰ ਬਣਾਏ ਰੱਖਣ 'ਤੇ ਧਿਆਨ ਦੇਵੇਗਾ।

### ਨੌਕਰੀਆਂ ਪੈਦਾ ਕਰਨ ਵਿੱਚ ਸਹਾਇਤਾ ਕਰਨੀ

ਸਰਕਾਰ ਵਪਾਰਾਂ ਅਤੇ ਕਾਰੋਬਾਰੀਆਂ ਦੀ ਸਫਲ ਹੋਣ ਵਿੱਚ ਮਦਦ ਕਰਕੇ, ਟੈਕਸਾਂ ਨੂੰ ਘੱਟ ਰੱਖ ਕੇ, ਰਾਸ਼ਟਰੀ ਮਹੱਤਵ ਵਾਲੇ ਪ੍ਰੋਜੈਕਟਾਂ ਵਿੱਚ ਨਿਵੇਸ਼ ਕਰਕੇ, ਅਤੇ ਕੈਨੇਡਾ ਦੇ ਬ੍ਰਾਂਡ ਨੂੰ ਨਿਵੇਸ਼ ਕਰਨ ਲਈ ਸਭ ਤੋਂ ਵਧੀਆ ਸਥਾਨਾਂ ਵਿੱਚੋਂ ਇੱਕ ਬਣਾਏ ਰੱਖ ਕੇ ਨੌਕਰੀਆਂ ਪੈਦਾ ਕਰਨ ਵਿੱਚ ਮਦਦ ਕਰੇਗੀ। ਕੈਨੇਡਾ ਦੀ ਆਰਥਿਕ ਕਾਰਵਾਈ ਯੋਜਨਾ ਦਾ ਅਗਲਾ ਪੜਾਅ ਇਹਨਾਂ ਤਰਜੀਹਾਂ ਨੂੰ ਹੇਠਾਂ ਦਿੱਤੇ ਤਰੀਕਿਆਂ ਦੁਆਰਾ ਅੱਗੇ ਵਧਾਉਂਦਾ ਹੈ:

- ਇਸ ਮਹੱਤਵਪੂਰਨ ਖੇਤਰ ਦੁਆਰਾ ਵਾਧੂ ਨੌਕਰੀਆਂ ਨੂੰ ਉਤਸ਼ਾਹਿਤ ਕਰਨ ਵਾਸਤੇ ਛੋਟੇ ਕਾਰੋਬਾਰਾਂ ਨੂੰ ਨੌਕਰੀਆਂ ਦੇਣ ਦਾ ਅਸਥਾਈ ਕ੍ਰੈਡਿਟ ਮੁਹੱਈਆ ਕਰਨਾ।
- ਕੰਮ ਸਾਂਝਾ ਕਰਨ ਦੇ ਪ੍ਰੋਗਰਾਮ ਅਤੇ ਕੰਮਕਾਜ ਵਿੱਚ ਬਣੇ ਰਹਿਣ ਵਿੱਚ ਕੈਨੇਡਾ ਵਾਸੀਆਂ ਦੀ ਮਦਦ ਕਰਨ ਲਈ ਬਜ਼ੁਰਗ ਕਾਮਿਆਂ 'ਤੇ ਕੇਂਦ੍ਰਿਤ ਸ਼ੁਰੂਆਤਾਂ ਨੂੰ ਵਧਾਉਣਾ।
- ਉਤਪਾਦਨ ਜਾਂ ਪ੍ਰੋਸੈਸਿੰਗ ਮਸ਼ੀਨਰੀ ਅਤੇ ਉਪਕਰਣਾਂ ਵਿੱਚ ਨਿਵੇਸ਼ ਲਈ ਤੇਜ਼ ਗਤੀ ਵਾਲੇ ਕੈਪੀਟਲ ਕੋਸਟ ਅਲਾਉਂਸ ਨੂੰ ਦੋ ਸਾਲਾਂ ਲਈ ਵਧਾ ਕੇ ਉਤਪਾਦਨ ਅਤੇ ਪ੍ਰੋਸੈਸਿੰਗ ਖੇਤਰ ਵਿੱਚ ਸਹਾਇਤਾ ਕਰਨੀ।
- ਮਿਉਂਸਿਪਲਟੀਆਂ ਵਾਸਤੇ ਭਵਿਖਬਾਣੀ ਕੀਤੇ ਜਾ ਸਕਣ ਯੋਗ, ਲੰਮੇ ਸਮੇਂ ਦੇ ਬੁਨਿਆਦੀ ਢਾਂਚੇ ਲਈ ਫੰਡਿੰਗ ਮੁਹੱਈਆ ਕਰਨ ਵਾਸਤੇ ਗੈਸ ਟੈਕਸ ਫੰਡ ਵਿੱਚ $2 ਮਿਲੀਅਨ ਦੇ ਸਥਾਈ ਸਲਾਨਾ ਨਿਵੇਸ਼ ਨੂੰ ਕਾਨੂੰਨੀ ਬਣਾਉਣਾ।
- ਕੈਨੇਡਾ ਦੀ ਮਹੱਤਵਪੂਰਨ ਖੇਤੀਬਾੜੀ, ਜੰਗਲਾਤ ਅਤੇ ਖਾਨਾਂ ਦੇ ਖੇਤਰਾਂ ਵਿੱਚ ਕਾਢਾਂ ਲਈ ਨਿਵੇਸ਼।

### ਪਰਿਵਾਰਾਂ ਅਤੇ ਭਾਈਚਾਰਿਆਂ ਦੀ ਸਹਾਇਤਾ ਕਰਨੀ

ਸਰਕਾਰ ਪਰਿਵਾਰਾਂ ਅਤੇ ਭਾਈਚਾਰਿਆਂ ਦੀ ਸਹਾਇਤਾ ਕਰੇਗੀ ਤਾਂ ਜੋ ਸਾਰੇ ਕੈਨੇਡਾ ਵਾਸੀ ਉੱਚ ਪੱਧਰ ਦੀ ਜ਼ਿੰਦਗੀ ਦਾ ਆਨੰਦ ਮਾਣ ਸਕਣ ਅਤੇ ਭਾਈਚਾਰੇ ਖੁਸ਼ਹਾਲ ਅਤੇ ਸੁਰੱਖਿਅਤ ਰਹਿਣ। ਕੈਨੇਡਾ ਦੀ ਆਰਥਿਕ ਕਾਰਵਾਈ ਯੋਜਨਾ ਦਾ ਅਗਲਾ ਪੜਾਅ ਇਹਨਾਂ ਟੀਚਿਆਂ ਵਿੱਚ ਹੇਠਾਂ ਲਿਖੇ ਢੰਗਾਂ ਨਾਲ ਨਿਵੇਸ਼ ਕਰਦਾ ਹੈ:

- ਉਹਨਾਂ ਬਜ਼ੁਰਗਾਂ ਲਈ ਗਰੰਟੀਡ ਇਨਕਮ ਸਪਲੀਮੈਂਟ (GIS) ਨੂੰ ਵਧਾਉਣਾ ਜੋ ਲਗਭਗ ਪੂਰੀ ਤਰ੍ਹਾਂ ਨਾਲ ਆਪਣੀ ਓਲਡ ਏਜ ਸਿਕਉਰਿਟੀ ਅਤੇ GIS 'ਤੇ ਨਿਰਭਰ ਕਰਦੇ ਹਨ ਅਤੇ ਉਹਨਾਂ ਨੂੰ ਵਿੱਤੀ ਮੁਸ਼ਕਲਾਂ ਦਾ ਸਾਹਮਣਾ ਕਰਨ ਦਾ ਜੋਖਿਮ ਹੋ ਸਕਦਾ ਹੈ। ਇਹ ਉਪਾਅ ਇਕੱਲੇ ਬਜ਼ੁਰਗਾਂ ਲਈ ਪ੍ਰਤੀ ਸਾਲ $600 ਅਤੇ ਜੋੜਿਆਂ ਲਈ $840 ਪ੍ਰਤੀ ਸਾਲ ਤਕ ਦਾ ਨਵਾਂ ਟੋਪ-ਅੱਪ ਬੈਨਿਫ਼ਿਟ ਮੁਹੱਈਆ ਕਰੇਗਾ। ਇਹ ਉਪਾਅ $300 ਮਿਲੀਅਨ ਪ੍ਰਤੀ ਸਾਲ ਤੋਂ ਵੱਧ ਦਾ ਨਿਵੇਸ਼ ਪ੍ਰਦਰਸ਼ਿਤ ਕਰਦਾ ਹੈ, ਅਤੇ ਕੈਨੇਡਾ ਭਰ ਵਿੱਚ 680,000 ਤੋਂ ਵੱਧ ਦੀ ਵਿੱਤੀ ਸੁਰੱਖਿਆ ਵਿੱਚ ਸੁਧਾਰ ਲਿਆਵੇਗਾ।
- ਨਵੇਂ ਪਰਿਵਾਰਕ ਡਾਕਟਰਾਂ ਲਈ ਕੈਨੇਡਾ ਸਟੂਡੈਂਟ ਲੋਨ ਦੇ $40,000 ਤਕ ਦੇ ਅਤੇ ਨਰਸ ਪ੍ਰੈਕਟਿਸ਼ਨਰਾਂ ਅਤੇ ਨਰਸਾਂ ਲਈ $20,000 ਤਕ ਦੇ ਕੇਂਦਰੀ ਸਰਕਾਰ ਵਾਲੇ ਹਿੱਸੇ ਨੂੰ ਮਾਫ਼ ਕਰਕੇ ਵਧੇਰੇ ਸਿਹਤ-ਸੰਭਾਲ ਕਰਮਚਾਰੀਆਂ ਨੂੰ ਘੱਟ ਸੇਵਾ ਵਾਲੇ ਪੇਂਡੂ ਅਤੇ ਦੂਰ-ਦਰਾਜ ਦੇ ਭਾਈਚਾਰਿਆਂ ਵੱਲ ਖਿੱਚਣਾ।
- ਨਵੀਂ $2,000 ਫ਼ੈਮਿਲੀ ਕੇਅਰਗਿਵਰ ਟੈਕਸ ਕ੍ਰੈਡਿਟ ਰਕਮ ਸ਼ੁਰੂ ਕਰਨੀ ਜੋ ਕਮਜ਼ੋਰ ਨਿਰਭਰ ਰਿਸ਼ਤੇਦਾਰਾਂ ਦੇ ਦੇਖਭਾਲ ਕਰਨ ਵਾਲਿਆਂ ਨੂੰ ਟੈਕਸ ਵਿੱਚ ਛੂਟ ਮੁਹੱਈਆ ਕਰੇਗੀ, ਜਿਨ੍ਹਾਂ ਵਿੱਚ ਪਹਿਲੀ ਵਾਰ ਪਤੀ/ਪਤਨੀ, ਕਾਮਨ-ਲਾਅ ਪਾਰਟਨਰ ਅਤੇ ਛੋਟੇ ਬੱਚੇ ਸ਼ਾਮਲ ਹਨ।
- ਬੱਚਿਆਂ ਦੀ ਕਲਾਤਮਕ, ਸੱਭਿਆਚਾਰਕ, ਮਨੋਰੰਜਕ ਅਤੇ ਵਿਕਾਸ ਸੰਬੰਧੀ ਗਤੀਵਿਧੀਆਂ ਨਾਲ ਸਬੰਧਤ ਯੋਗ ਫ਼ੀਸਾਂ ਦਾ $500 ਪ੍ਰਤੀ ਬੱਚਾ ਤਕ ਦਾ ਨਵਾਂ ਚਿਲਡ੍ਰਨਜ਼ ਆਰਟਸ ਟੈਕਸ ਕ੍ਰੈਡਿਟ ਸ਼ੁਰੂ ਕਰਨਾ।
- ਆਪਣੇ ਭਾਈਚਾਰਿਆਂ ਵਿੱਚ ਘੱਟੋ-ਘੱਟ 200 ਘੰਟੇ ਦੀ ਸੇਵਾ ਦੇਣ ਵਾਲੇ ਸਵੈਸੇਵਕ ਅੱਗ ਬੁਝਾਉਣ ਵਾਲਿਆਂ ਲਈ $3,000 ਦਾ ਵਾਲੰਟੀਅਰ ਫਾਇਰਫਾਈਟਰਜ਼ ਟੈਕਸ ਕ੍ਰੈਡਿਟ ਸ਼ੁਰੂ ਕਰਨਾ।

- ਜਲਵਾਯੂ ਪਰਿਵਰਤਨ ਵੱਲ ਧਿਆਨ ਦੇਣ ਲਈ ਦੋ ਸਾਲਾਂ ਦੇ ਦੌਰਾਨ ਲਗਭਗ $870 ਮਿਲਿਅਨ ਮੁਹੱਈਆ ਕਰਨਾ, ਜਿਸ ਵਿੱਚ ecoENERGY ਰਿਟਰੋਫਿਟ - ਹੋਮਜ਼ ਪ੍ਰੋਗਰਾਮ ਨੂੰ ਵਧਾਉਣਾ ਸ਼ਾਮਲ ਹੈ ਜੋ ਆਪਣੇ ਘਰਾਂ ਨੂੰ ਵਧੇਰੇ ਊਰਜਾ ਕੁਸ਼ਲ ਬਣਾਉਣ ਅਤੇ ਉੱਚ ਊਰਜਾ ਕੀਮਤਾਂ ਦੇ ਬੋਝ ਨੂੰ ਘਟਾਉਣ ਵਿੱਚ ਘਰ ਦੇ ਮਾਲਕਾਂ ਦੀ ਮਦਦ ਕਰੇਗਾ।

**ਕਾਢ, ਸਿੱਖਿਆ ਅਤੇ ਸਿਖਲਾਈ ਵਿੱਚ ਨਿਵੇਸ਼ ਕਰਨਾ**

ਸਰਕਾਰ ਆਧੁਨਿਕ ਟੈਕਨਾਲੋਜੀਆਂ ਵਿੱਚ ਖੋਜ ਨੂੰ ਅੱਗੇ ਵਧਾਏਗੀ ਅਤੇ ਕੈਨੇਡਾ ਵਾਸੀਆਂ ਨੂੰ ਅੱਜ ਦੇ ਕਿਰਤ ਬਜ਼ਾਰ ਵਿੱਚ ਨੌਕਰੀਆਂ ਲਈ ਲੋੜੀਂਦੇ ਹੁਨਰ ਹਾਸਲ ਕਰਨ ਵਾਸਤੇ ਮੌਕੇ ਅਤੇ ਪ੍ਰੋਤਸਾਹਨ ਮੁਹੱਈਆ ਕਰੇਗੀ। ਕੈਨੇਡਾ ਦੀ ਆਰਥਿਕ ਕਾਰਵਾਈ ਯੋਜਨਾ ਦਾ ਅਗਲਾ ਪੜਾਅ ਹੇਠਾਂ ਦਿੱਤੇ ਤਰੀਕਿਆਂ ਦੁਆਰਾ ਇਹਨਾਂ ਤਰਜੀਹਾਂ ਵਿੱਚ ਮਹੱਤਵਪੂਰਨ ਤਰੱਕੀ ਕਰਦਾ ਹੈ:

- ਕਾਲਜਾਂ ਦੇ ਨਾਲ ਸਹਿਯੋਗ ਵਾਲੇ ਪ੍ਰੋਜੈਕਟਾਂ ਦੇ ਰਾਹੀਂ ਮੁੱਖ ਸੂਚਨਾ ਅਤੇ ਸੰਚਾਰ ਟੈਕਨਾਲੋਜਿਆਂ ਨੂੰ ਅਪਣਾਉਣ ਵਿੱਚ ਤੇਜ਼ੀ ਲਿਆਉਣ ਲਈ ਛੋਟੇ ਅਤੇ ਦਰਮਿਆਨੇ ਆਕਾਰ ਦੇ ਕਾਰੋਬਾਰਾਂ ਨੂੰ ਉਦਯੋਗਿਕ ਖੋਜ ਸਹਾਇਤਾ ਪ੍ਰੋਗਰਾਮ ਦੇ ਮਾਧਿਅਮ ਨਾਲ ਤਿੰਨ ਸਾਲਾਂ ਦੇ ਦੌਰਾਨ ਨਵੀਂ ਫੰਡਿੰਗ ਵਿੱਚ $80 ਮਿਲੀਅਨ ਮੁਹੱਈਆ ਕਰਨੇ।
- 10 ਨਵੇਂ ਕੈਨੇਡਾ ਐਕਸੇਲੇਂਸ ਰਿਸਰਚ ਮੁਖੀ ਸਥਾਪਤ ਕਰਨੇ, ਜਿਨ੍ਹਾਂ ਵਿੱਚੋਂ ਕੁਝ ਕੈਨੇਡਾ ਦੀ ਡਿਜੀਟਲ ਅਰਥ-ਵਿਵਸਥਾ ਰਣਨੀਤੀ ਨਾਲ ਸਬੰਧਤ ਖੇਤਰਾਂ ਵਿੱਚ ਸਰਗਰਮ ਹੋਣਗੇ।
- ਤਿੰਨ ਕੇਂਦਰੀ ਗ੍ਰਾਂਟਿੰਗ ਕਾਉਂਸਿਲਾਂ ਦੇ ਬਜਟ ਨੂੰ ਸਲਾਨਾ $47 ਵਧਾਉਣਾ, ਜਿਸ ਵਿੱਚ ਅਸਿੱਧੀਆਂ ਕੀਮਤਾਂ ਲਈ ਸਮਰਥਨ ਵੀ ਸ਼ਾਮਲ ਹੈ।
- ਕਾਲਜਾਂ, ਯੂਨੀਵਰਸਿਟੀਆਂ ਅਤੇ ਕਾਰੋਬਾਰਾਂ ਵਿਚਕਾਰ ਖੋਜ ਦੀਆਂ ਕੜੀਆਂ ਨੂੰ ਸਮਰਥਨ ਦੇ ਕੇ ਬਜ਼ਾਰ ਵਿੱਚ ਨਵੀਆਂ ਟੈਕਨਾਲੋਜੀਆਂ ਦੇ ਪ੍ਰਦਰਸ਼ਨ ਨੂੰ ਸਮਰਥਨ ਦੇਣਾ ਅਤੇ ਵਪਾਰੀਕਰਣ ਨੂੰ ਸੁਧਾਰਨਾ।
- ਕੈਨੇਡਾ ਸਟੂਡੇਂਟ ਲੋਨਾਂ ਅਤੇ ਗ੍ਰਾਂਟਾਂ ਨੂੰ ਪਾਰਟ-ਟਾਈਮ ਅਤੇ ਫੁਲ-ਟਾਈਮ ਸਕੈਂਡਰੀ ਤੋਂ ਬਾਅਦ ਦੇ ਵਿਦਿਆਰਥੀਆਂ ਲਈ ਵਧਾਉਣਾ ਅਤੇ ਫੈਲਾਉਣਾ।
- ਸਾਰੇ ਵਿਵਸਾਇਕ, ਵਪਾਰਕ ਅਤੇ ਪੇਸ਼ਾਵਰ ਇਮਤਿਹਾਨਾਂ ਦੀਆਂ ਫੀਸਾਂ ਨੂੰ ਟੈਕਸ ਵਿੱਚ ਰਾਹਤ ਲਈ ਯੋਗ ਬਣਾ ਕੇ ਹੁਨਰਾਂ ਦੇ ਪ੍ਰਮਾਣੀਕਰਣ ਨੂੰ ਉਤਸ਼ਾਹਿਤ ਕਰਨਾ।

**ਕੈਨੇਡਾ ਦੀ ਮਾਲੀ ਤਰੱਕੀ ਨੂੰ ਬਣਾਏ ਰੱਖਣਾ**

ਬਜਟ ਸੰਤੁਲਨ ਵਿੱਚ ਵਾਪਸੀ ਲਈ 2010 ਦੇ ਬਜਟ ਵਿੱਚ ਨਿਰਧਾਰਤ ਕੀਤੀ ਗਈ ਸਰਕਾਰ ਦੀ ਤਿੰਨ-ਬਿੰਦੂ ਯੋਜਨਾ ਪੰਜ ਸਾਲਾਂ ਦੇ ਦੌਰਾਨ $17.6 ਬਿਲੀਅਨ ਦੀ ਬਚਤ ਪੈਦਾ ਕਰਨ ਵਾਸਤੇ ਸਹੀ ਰਸਤੇ 'ਤੇ ਹੈ। ਕੈਨੇਡਾ ਦੀ ਆਰਥਿਕ ਕਾਰਵਾਈ ਯੋਜਨਾ ਦਾ ਅਗਲਾ ਪੜਾਅ, ਹੇਠਾਂ ਦਿੱਤੇ ਤਰੀਕਿਆਂ ਦੁਆਰਾ ਵਾਧੂ ਬਚਤਾਂ ਪ੍ਰਾਪਤ ਕਰਨ ਦੇ ਉਪਾਵਾਂ ਦੇ ਨਾਲ ਇਹਨਾਂ ਕਾਰਵਾਈਆਂ ਨੂੰ ਅੱਗੇ ਵਧਾਏਗਾ:

- ਰਣਨੀਤਿਕ ਸਮੀਖਿਆਂ ਦੇ 2010 ਦੇ ਚੱਕਰ ਤੋਂ $500 ਮਿਲੀਅਨ ਦੀਆਂ ਨਵੀਆਂ ਜਾਰੀ ਰਹਿਣ ਵਾਲੀਆਂ ਬਚਤਾਂ ਦੇਣੀਆਂ।
- ਟੈਕਸ ਵਿੱਚ ਕਮੀਆਂ ਨੂੰ ਬੰਦ ਕਰਕੇ ਕੈਨੇਡਾ ਦੀ ਟੈਕਸ ਪ੍ਰਣਾਲੀ ਦੀ ਅਖੰਡਤਾ ਅਤੇ ਨਿਰਪੱਖਤਾ ਦੀ ਰੱਖਿਆ ਕਰਨੀ।
- 2011-12 ਦੌਰਾਨ ਪੂਰੀ ਸਰਕਾਰ ਵਿੱਚ ਵਿਭਾਗੀ ਖਰਚਿਆਂ ਦੀ ਵਿਆਪਕ ਇੱਕ ਸਾਲ ਦੀ ਰਣਨੀਤਿਕ ਅਤੇ ਸੰਚਾਲਨ ਸਮੀਖਿਆ ਸ਼ੁਰੂ ਕਰਨੀ।

2010-11 ਵਿੱਚ ਘਾਟਾ 2009-10 ਨਾਲੋਂ 25 ਪ੍ਰਤੀਸ਼ਤ ਤੋਂ ਵਧੇਰੇ ਘੱਟ ਹੋਣ ਦੀ ਸੰਭਾਵਨਾ ਹੈ, ਅਤੇ ਉਮੀਦ ਹੈ ਕਿ 2011-12 ਵਿੱਚ ਇਹ ਹੋਰ 25 ਪ੍ਰਤੀਸ਼ਤ ਤੋਂ ਵੱਧ ਘੱਟ ਜਾਵੇਗਾ। ਰਣਨੀਤਿਕ ਅਤੇ ਸੰਚਾਲਨ ਸਮੀਖਿਆ ਤੋਂ ਕਿਸੇ ਵੀ ਬਚਤਾਂ ਨੂੰ ਸ਼ਾਮਲ ਕੀਤੇ ਬਿਨਾਂ, ਉਮੀਦ ਹੈ ਕਿ ਸਰਕਾਰ 2015-16 ਤਕ $4.2 ਮਿਲੀਅਨ ਦਾ ਵਾਧਾ ਰਿਕਾਰਡ ਕਰੇਗੀ।

"ਅੱਗੇ ਵਧਦੇ ਹੋਏ, ਹਾਰਪਰ ਸਰਕਾਰ ਕੈਨੇਡਾ ਦੀ ਆਰਥਿਕ ਕਾਰਵਾਈ ਯੋਜਨਾ ਦੇ ਅਗਲੇ ਪੜਾਅ ਵਿੱਚ ਨਿਰਧਾਰਤ ਕੀਤੀਆਂ ਤਰਜੀਹਾਂ 'ਤੇ ਆਪਣਾ ਧਿਆਨ ਬਣਾਏ ਰੱਖੇਗੀ, ਜਿਸ ਦਾ ਸਭ ਤੋਂ ਵੱਧ ਮਹੱਤਵਪੂਰਨ ਹਿੱਸਾ ਹੋਵੇਗਾ ਬਜਟ ਸਬੰਧੀ ਸੰਤੁਲਨ ਵਿੱਚ ਵਾਪਸ ਆਉਣਾ," ਮਿਨਿਸਟਰ ਫਲੈਹੇਰਟੀ ਨੇ ਕਿਹਾ। "ਉਹਨਾਂ ਨਿਵੇਸ਼ਾਂ 'ਤੇ ਧਿਆਨ ਕੇਂਦ੍ਰਿਤ ਕਰਕੇ ਜੋ ਲੰਮੇ ਸਮੇਂ ਤਕ ਚੱਲਣ ਵਾਲਾ ਆਰਥਿਕ ਵਾਧਾ ਪੇਸ਼ ਕਰਦੇ ਹਨ, ਸਾਡੀ ਸਰਕਾਰ ਜਨਤਕ ਸੇਵਾਵਾਂ ਅਤੇ ਸਾਡੇ ਰਾਸ਼ਟਰ ਨੂੰ ਪ੍ਰਭਾਵਿਤ ਕਰਨ ਵਾਲੇ ਸੱਭਿਆਚਾਰਾਂ ਨੂੰ ਸੰਭਾਲ ਕੇ ਰੱਖਦੇ ਹੋਏ, ਸਾਰੇ ਕੈਨੇਡਾ ਵਾਸੀਆਂ ਲਈ ਜ਼ਿੰਦਗੀ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਦੀ ਕੋਸ਼ਿਸ਼ ਕਰੇਗੀ।"

---

ਵਧੇਰੇ ਜਾਣਕਾਰੀ ਲਈ, ਮੀਡੀਆ ਇਸ ਪਤੇ 'ਤੇ ਸੰਪਰਕ ਕਰ ਸਕਦਾ ਹੈ:

ਐਨੇਟੇ ਰੋਬਰਟਸਨ
ਪ੍ਰੈਸ ਸੈਕ੍ਰੇਟਰੀ
ਮਿਨਿਸਟਰ ਆਫ਼ ਫਾਇਨਾਂਸ ਦਾ ਆਫ਼ਿਸ
613-996-7861

ਜੈਕ ਔਬਰੀ
ਮੀਡੀਆ ਸਬੰਧ

ਡਿਪਾਰਟਮੈਂਟ ਆਫ਼ ਫਾਇਨਾਂਸ
613-996-8080

*ਸਾਰੀਆਂ ਨਿਊਜ਼ ਰਿਲੀਜ਼ ਦੀ ਈਮੇਲ ਸੂਚਨਾ ਪ੍ਰਾਪਤ ਕਰਨ ਲਈ, ਕਿਰਪਾ ਕਰਕੇ* www.fin.gc.ca/scripts/register-eng.asp *'ਤੇ ਰਜਿਸਟਰ ਕਰੋ।*